2024/257764
13/10/2024

SED-EDU303/126/2026-3EDU3 I/1524908/2026

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ),
ਪੰਜਾਬ, ਮੋਹਾਲੀ।

ਮਿਤੀ, ਚੰਡੀਗੜ੍ਹ: 08/10/26

ਵਿਸ਼ਾ: ਤਰਸ ਦੇ ਆਧਾਰ ਤੇ ਭਰਤੀ ਗਰੁੱਪ-ਸੀ ਕਲਰਕ ਦੇ ਟਾਈਪ ਟੈਸਟ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਨੂੰ ਪ੍ਰਸੋਨਲ ਵਿਭਾਗ ਵੱਲੋਂ ਪੱਤਰ ਨੰ. PERS-PP-20PLCY/2020/3PP2/479 ਮਿਤੀ 29.09.2026 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੀ ਕਾਪੀ ਭੇਜਦੇ ਹੋਏ ਲਿੱਖਿਆ ਜਾਂਦਾ ਹੈ ਕਿ ਇਹਨਾਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਲਈ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣਾ ਯਕੀਨੀ ਬਣਾਇਆ ਜਾਵੇ।

8/10/26
ਸੁਪਰਡੰਟ

Scanned with OKEN Scanner

PERS-PP-20PLCY/2020-3PP2/479

ਮਿਤੀ, ਚੰਡੀਗੜ੍ਹ: 29.09.2026

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਿਪਟੀ ਕਮਿਸ਼ਨਰਜ਼ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

ਵਿਸ਼ਾ:- **ਤਰਸ ਦੇ ਅਧਾਰ ਤੇ ਭਰਤੀ ਗਰੁੱਪ-ਸੀ (ਕਲਰਕ) ਦੇ ਟਾਈਪ ਟੈਸਟ ਸਬੰਧੀ।**

*****

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਪ੍ਰਸੋਨਲ ਵਿਭਾਗ ਵੱਲੋਂ ਪਹਿਲਾਂ ਜਾਰੀ ਪੱਤਰ ਨੰਬਰ 11/35/92-2PP1/7962 ਮਿਤੀ 09.06.1992, ਪੱਤਰ ਨੰਬਰ PERS-PP-20PLCY/2020-3PP2/67-69 ਮਿਤੀ 25.03.2021 ਅਤੇ ਪੱਤਰ ਨੰਬਰ 12/23/2023-1PP2/43-44 ਮਿਤੀ 30.01.2024 ਦੀ ਲਗਾਤਾਰਤਾ ਵਿੱਚ ਹੇਠ ਅਨੁਸਾਰ ਲਿਖਣ ਦੀ ਹਦਾਇਤ ਹੋਈ ਹੈ:-

ੳ) ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 25.03.2021 ਅਨੁਸਾਰ ਤਰਸ ਦੇ ਆਧਾਰ ਤੇ ਕਲਰਕ (ਗਰੁੱਪ-ਸੀ) ਨਿਯੁੱਕਤ ਹੋਣ ਵਾਲੇ ਕਰਮਚਾਰੀ ਜੇਕਰ ਇੱਕ ਸਾਲ ਦੇ ਅੰਦਰ-ਅੰਦਰ ਟਾਈਪ ਟੈਸਟ ਪਾਸ ਨਹੀਂ ਕਰਦੇ ਸਨ ਤਾਂ ਦਰਜਾ-4 ਦੀ ਆਸਾਮੀ ਆਫਰ ਕੀਤੀ ਜਾਂਦੀ ਸੀ, ਦੀ ਸ਼ਰਤ ਹਟਾਈ ਜਾਂਦੀ ਹੈ। ਪ੍ਰੰਤੂ ਨਿਯੁਕਤੀ ਦੀ ਮਿਤੀ ਤੋਂ ਇੱਕ (1) ਸਾਲ ਦੇ ਅੰਦਰ-ਅੰਦਰ ਪੰਜਾਬੀ ਅਤੇ ਅੰਗਰੇਜੀ ਦਾ ਟਾਈਪ ਟੈਸਟ ਨਿਰਧਾਰਿਤ ਸਪੀਡ ਤੇ ਪਾਸ ਕਰਨਾ ਹੋਵੇਗਾ।

ਅ) ਟਾਈਪ ਟੈਸਟ ਪਾਸ ਨਾ ਹੋਣ ਦੀ ਸਥਿਤੀ ਵਿੱਚ ਪਰਖਕਾਲ (Probation) ਪਾਰ ਕਰਨ ਦੀ ਸ਼ਰਤ ਤੇ ਕੋਈ ਅਸਰ ਨਹੀਂ ਹੋਵੇਗਾ। ਪਰ ਪਰਖਕਾਲ ਸਮਾਂ ਪੂਰਾ ਹੋਣ ਉਪਰੰਤ ਮਿਲਣ ਵਾਲੀ ਸਾਲਾਨਾ ਤਰੱਕੀ (increment) ਪੰਜਾਬੀ ਅਤੇ ਅੰਗਰੇਜੀ ਦਾ ਟਾਈਪ ਟੈਸਟ ਨਿਰਧਾਰਿਤ ਸਪੀਡ ਤੇ ਪਾਸ ਕਰਨ ਉਪਰੰਤ ਹੀ ਮਿਲਣਯੋਗ ਹੋਵੇਗੀ। ਟਾਈਪ ਟੈਸਟ ਪਾਸ ਕਰਨ ਦੀ ਮਿਤੀ ਤੋਂ ਪਹਿਲਾਂ ਦਾ ਕੋਈ ਬਕਾਇਆ (only arrears) ਮਿਲਣਯੋਗ ਨਹੀਂ ਹੋਵੇਗਾ।

ੲ) ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਾਲ ਵਿੱਚ ਘੱਟੋ-ਘੱਟ ਚਾਰ (4) ਵਾਰ ਵਿਭਾਗ / ਦਫਤਰ ਦੇ ਪੱਧਰ ਤੇ ਟਾਈਪ ਟੈਸਟ ਲੈਣਾ ਯਕੀਨੀ ਬਣਾਇਆ ਜਾਵੇ।

ਸ) ਹਦਾਇਤਾਂ ਮਿਤੀ 30.01.2024 ਅਨੁਸਾਰ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਤਰਸ ਦੇ ਆਧਾਰ ਤੇ ਕਲਰਕ (ਗਰੁੱਪ-ਸੀ) ਭਰਤੀ ਹੋਈਆਂ ਮ੍ਰਿਤਕ ਕਰਮਚਾਰੀਆਂ ਦੀਆਂ ਵਿਧਵਾਵਾਂ ਨੂੰ ਟਾਈਪ ਟੈਸਟ ਤੋਂ ਛੋਟ ਦਿੱਤੀ ਗਈ ਸੀ। ਹੁਣ ਮ੍ਰਿਤਕ ਕਰਮਚਾਰੀਆਂ ਦੀਆਂ ਵਿਧਵਾਵਾਂ ਜੋ ਮਿਤੀ 30.01.2024 ਤੋਂ ਪਹਿਲਾਂ ਤਰਸ ਦੇ ਆਧਾਰ ਤੇ ਕਲਰਕ (ਗਰੁੱਪ-ਸੀ) ਭਰਤੀ ਹੋਈਆਂ ਸਨ, ਨੂੰ ਵੀ ਟਾਈਪ ਟੈਸਟ ਤੋਂ ਛੋਟ ਦਿੱਤੀ ਜਾਂਦੀ ਹੈ।

/.....

Scanned with OKEN Scanner

2 ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

3 ਇਹ ਹਦਾਇਤਾਂ ਸਾਰੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਸਮੇਤ ਅਮਲਾ ਸ਼ਾਖਾਵਾਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

ਸੁਪਰਡੰਟ 29/1

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ 29/1

ਸੇਵਾ ਵਿਖੇ

ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਦਫਤਰ ਜਿਲਾ ਸਿਖਿਆ ਅਫਸਰ (ਸੈਸਿ) ਬਠਿੰਡਾ

ਅੰ:ਵਿ:ਪੱ:ਨੰ: PERS-PP-20PLCY/2020-3PP2/480 ਮਿਤੀ, ਚੰਡੀਗੜ੍ਹ: 29.09.2026

ਪੱਤਰ ਨੰ- ਅ-4/2026/1041

ਮਿਤੀ- 06.11.2026

ਉਕਤ ਦਾ ਉਤਾਰਾ ਜਿਲ੍ਹਾ ਬਠਿੰਡਾ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

06/11/26

ਜਿਲਾ ਸਿਖਿਆ ਅਫਸਰ (ਸੈਸਿ)
ਬਠਿੰਡਾ

Scanned with OKEN Scanner